SHARP WORKPLACES

### ਕੰਮ ਦੇ ਸਥਾਨ ‘ਤੇ ਜਿਨਸੀ ਪਰੇਸ਼ਾਨੀ:

# ਇਕ ਕਰਮਚਾਰੀ ਵਜੋਂ ਮੇਰੇ ਕੀ ਹੱਕ ਹਨ

## ਕੰਮ ਦੇ ਸਥਾਨ ‘ਤੇ ਜਿਨਸੀ ਪਰੇਸ਼ਾਨੀ

**ਕੰਮ ਦੇ ਸਥਾਨ ‘ਤੇ ਜਿਨਸੀ ਪਰੇਸ਼ਾਨੀ ਕਾਮੁਕ ਕਿਸਮ ਦਾ ਇੱਕ ਅਣਚਾਹਿਆ ਵਰਤਾਉ ਹੈ ਜੋ ਤੁਹਾਡੇ ਨਾਲ ਕੰਮ ਉੱਤੇ ਵਾਪਰਦਾ ਹੈ ਜਾਂ ਕੰਮ ਨਾਲ ਸਬੰਧਿਤ ਹੈ, ਜਿਸਦੇ ਨੌਂਕਰੀ ਨਾਲ ਸਬੰਧਿਤ ਨਕਾਰਾਤਮਕ ਪ੍ਰਭਾਵ ਹੁੰਦੇ ਹਨ। ਇਸਦੇ ਵਿੱਚ ਕੰਮ ਦੇ ਸਥਾਨ 'ਤੇ ਜ਼ੁਬਾਨੀ ਟਿੱਪਣੀਆਂ, ਅਣਚਾਹੇ ਛੋਹਣ ਅਤੇ ਜਿਨਸੀ ਸਮੱਗਰੀ ਸ਼ਾਮਲ ਹੋ ਸਕਦੀ ਹੈ।**

### ਇੱਕ ਕਰਮਚਾਰੀ ਵਜੋਂ, ਤੁਹਾਨੂੰ ਹੱਕ ਹੈ ਕਿ:

- ਇੱਕ ਸੁਰੱਖਿਅਤ ਅਤੇ ਸਿਹਤਮੰਦ ਕੰਮ ਵਾਲੀ ਜਗ੍ਹਾ, ਜਿਨਸੀ ਪਰੇਸ਼ਾਨੀ, ਧੱਕੇਸ਼ਾਹੀ, ਅਤੇ ਹਿੰਸਾ ਤੋਂ ਮੁਕਤ।
- ਨਸਲ, ਜਿਨਸੀ ਝੁਕਾਅ, ਲਿੰਗਕ ਪਛਾਣ, ਜਾਂ ਲਿੰਗ ਪ੍ਰਗਟਾਵੇ ਦੀ ਪਰਵਾਹ ਕੀਤੇ ਬਿਨਾਂ ਬਰਾਬਰੀ ਵਾਲਾ ਵਿਹਾਰ ਹੋਵੇ।
- ਅਸੁਰੱਖਿਅਤ ਕੰਮ ਤੋਂ ਇਨਕਾਰ ਕਰੋ, ਜਿਸ ਵਿਚ ਕਾਮੁਕ ਕੰਮ ਦੇ ਮਾਹੌਲ ਵਿਚਲਾ ਵੀ ਸ਼ਾਮਿਲ ਹੈ।
- ਆਪਣੇ ਰੁਜ਼ਗਾਰਦਾਤਾ ਜਾਂ ਸਹਿ ਕਰਮਚਾਰੀਆਂ ਦੁਆਰਾ ਸਜ਼ਾ (ਬਦਲਾ ਲੈਣ) ਦੇ ਡਰ ਤੋਂ ਬਿਨਾਂ ਕੰਮ ਦੇ ਸਥਾਨ 'ਤੇ ਜਿਨਸੀ ਪਰੇਸ਼ਾਨੀ ਦੀ ਸ਼ਿਕਾਇਤ ਕਰੋ।
- ਪਰੇਸ਼ਾਨੀ ਨੂੰ ਰੋਕਣ ਅਤੇ ਉਸਦੀ ਸ਼ਿਕਾਇਤ ਕਰਨ ਲਈ ਕੰਮ ਵਾਲੀ ਥਾਂ ਦੀਆਂ ਨੀਤੀਆਂ ਅਤੇ ਕਾਰਜ ਪ੍ਰਣਾਲੀਆਂ ਬਾਰੇ ਜਾਣਕਾਰੀ ਅਤੇ ਸਿਖਲਾਈ ਪ੍ਰਾਪਤ ਕਰੋ।

### ਇੱਕ ਕਰਮਚਾਰੀ ਵਜੋਂ ਤੁਹਾਡੀਆਂ ਹੇਠ ਲਿਖੀਆਂ ਜ਼ਿੰਮੇਵਾਰੀਆਂ ਹਨ:

- ਅਣਚਾਹੇ ਜਿਨਸੀ ਵਿਹਾਰ, ਧੱਕੇਸ਼ਾਹੀ, ਹਿੰਸਾ ਜਾਂ ਵਿਤਕਰੇ ਵਿੱਚ ਸ਼ਾਮਲ ਨਾ ਹੋਣਾ।
- ਜੇਕਰ ਤੁਸੀਂ ਪਰੇਸ਼ਾਨੀ ਜਾਂ ਧੱਕੇਸ਼ਾਹੀ ਦਾ ਅਨੁਭਵ ਕਰਦੇ ਹੋ ਜਾਂ ਅਜਿਹਾ ਹੁੰਦਾ ਦੇਖਦੇ ਹੋ ਤਾਂ ਆਪਣੇ ਕੰਮ ਦੇ ਮਾਲਕ ਨੂੰ ਇਤਲਾਹ ਦੇਣੀ।
- ਰੁਜ਼ਗਾਰਦਾਤਾ ਦੀਆਂ ਨੀਤੀਆਂ ਅਤੇ ਕਾਰਜ ਪ੍ਰਣਾਲੀਆਂ ਨੂੰ ਜਾਣਨਾ ਅਤੇ ਉਹਨਾਂ ਦੀ ਪਾਲਣਾ ਕਰਨੀ।

## ਕੀ ਮੈਨੂੰ ਸ਼ਿਕਾਇਤ ਦਰਜ ਕਰਨ ਲਈ ਸਜ਼ਾ ਦਿੱਤੀ ਜਾ ਸਕਦੀ ਹੈ?

**ਸ਼ਿਕਾਇਤ ਦਰਜ ਕਰਵਾਉਣ ਲਈ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਸਜ਼ਾ ਨਹੀਂ ਦੇ ਸਕਦਾ।**

ਜੇਕਰ ਤੁਹਾਡਾ ਰੁਜ਼ਗਾਰਦਾਤਾ ਤੁਹਾਨੂੰ ਸ਼ਿਕਾਇਤ ਕਰਨ ਲਈ ਸਜ਼ਾ ਦਿੰਦਾ ਹੈ, ਤਾਂ ਤੁਹਾਡੇ ਕੋਲ ਮਨੁੱਖੀ ਅਧਿਕਾਰ ਟ੍ਰਿਬਿਊਨਲ, ਕੈਨੇਡੀਅਨ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਵਰਕਰਜ਼ ਕੰਪਨਸੇਸ਼ਨ ਬੋਰਡ ਰਾਹੀਂ, ਹੋਰ ਉਪਾਅ ਕਰਨ ਦਾ ਅਧਿਕਾਰ ਹੋ ਸਕਦਾ ਹੈ।

## ਜੇ ਮੈਨੂੰ ਜਿਨਸੀ ਤੌਰ 'ਤੇ ਪਰੇਸ਼ਾਨ ਕੀਤਾ ਜਾ ਰਿਹਾ ਹੈ ਤਾਂ ਮੈਂ ਕੀ ਕਰ ਸਕਦੀ/ਸਕਦਾ ਹਾਂ?

- ਹਰ ਘਟਨਾ ਦਾ ਆਪਣਾ ਰਿਕਾਰਡ ਰੱਖੋ: ਸਮਾਂ, ਸਥਾਨ, ਲੋਕ।
- ਆਪਣੇ ਬੌਸ ਜਾਂ ਸੁਪਰਵਾਈਜ਼ਰ ਨੂੰ ਦੱਸੋ, ਜੇਕਰ ਅਜਿਹਾ ਕਰਨਾ ਸੁਰੱਖਿਅਤ ਹੈ।
- ਜੇ ਤੁਸੀਂ ਮਾਨਸਿਕ ਜਾਂ ਸਰੀਰਕ ਸਿਹਤ ਸਮੱਸਿਆਵਾਂ ਦਾ ਅਨੁਭਵ ਕਰ ਰਹੇ ਹੋ ਤਾਂ ਆਪਣੇ ਡਾਕਟਰ ਕੋਲ ਜਾਉ।
- ਜੇਕਰ ਤੁਹਾਨੂੰ ਧਮਕਾਇਆ ਜਾ ਰਿਹਾ ਹੈ, ਪਿੱਛਾ ਕੀਤਾ ਜਾ ਰਿਹਾ ਹੈ, ਛੂਹਿਆ ਜਾਂ ਹਮਲਾ ਕੀਤਾ ਜਾ ਰਿਹਾ ਹੈ ਤਾਂ ਪੁਲਿਸ ਰਿਪੋਰਟ ਦਰਜ ਕਰਵਾਉ।

## ਤੁਹਾਡੀ ਕੋਲ ਕਾਨੂੰਨੀ ਵਿਕਲਪ ਹੋ ਸਕਦੇ ਹਨ, ਜਿੰਨਾਂ ਵਿਚ ਸ਼ਾਮਿਲ ਹਨ:

- ਵਰਕਸੇਫ਼ ਬੀਸੀ ਨੂੰ ਇਤਲਾਹ ਦੇਣੀ।
- ਬੀ ਸੀ ਹਿਊਮਨ ਰਾਈਟਸ ਟ੍ਰਿਬਿਊਨਲ (ਬੀ ਸੀ ਵਿਚ ਜ਼ਿਆਦਾਤਰ ਰੁਜ਼ਗਾਰਦਾਤਾਂਵਾਂ ਲਈ) ਕੋਲ ਸ਼ਿਕਾਇਤ ਦਾਇਰ ਕਰਨੀ।
- ਕੈਨੇਡੀਅਨ ਹਿਊਮਨ ਰਾਈਟਸ ਕਮਿਸ਼ਨ ਕੋਲ ਸ਼ਿਕਾਇਤ ਦਾਇਰ ਕਰਨੀ (ਜੇ ਤੁਹਾਡਾ ਰੁਜ਼ਗਾਰਦਾਤਾ ਕੇਂਦਰੀ ਸਰਕਾਰ ਵੱਲੋਂ ਨਿਯੰਤ੍ਰਿਤ ਹੈ, ਤਾਂ ਇਸ ਵਿਚ ਕੁਝ ਰਿਜ਼ਰਵ-ਉਪਰਲੇ ਅਤੇ ਹੋਰ ਮੂਲਨਿਵਾਸੀਆਂ ਨਾਲ ਜੁੜੇ ਰੁਜ਼ਗਾਰਦਾਤਾ ਸ਼ਾਮਲ ਹਨ)।
- ਤੁਹਾਡੀ ਯੂਨੀਅਨ (ਯੂਨੀਅਨਸ਼ੁਦਾ ਕਰਮਚਾਰੀ) ਦੀ ਅਤੇ ਵਰਕਰਜ਼ ਕੰਪਨਸੇਸ਼ਨ ਬੋਰਡ ਦੀ ਮਦਦ ਨਾਲ ਸ਼ਿਕਾਇਤ ਦਰਜ਼ ਕਰਾਉਣੀ।

## ਇਹਨਾਂ ਅਤੇ ਹੋਰ ਵਿਕਲਪਾਂ ਲਈ **ਮੁਫ਼ਤ ਕਾਨੂੰਨੀ ਸਲਾਹ** ਚਾਹੁੰਦੇ ਹੋ?

**ਸ਼ਾਰਪ (SHARP) ਵਰਕਪਲੇਸ ਕਾਨੂੰਨੀ ਸਲਾਹ ਕਲੀਨਿਕ ਨਾਲ ਸੰਪਰਕ ਕਰੋ:**

ਟੈਲੀਫ਼ੋਨ: **604-673-3143**

ਟੋਲ-ਫ੍ਰੀ: **1-888-685-6222**

ਈਮੇਲ: **SHARPWorkplaces@clasbc.net**

ਵੈਬਸਾਈਟ: **clasbc.net/sharpworkplaces**

**ਅਸੀਂ ਕੰਮ ਦੇ ਸਥਾਨ 'ਤੇ ਜਿਨਸੀ ਪਰੇਸ਼ਾਨੀ ਦੇ ਬਾਰੇ ਮੁਫ਼ਤ ਸਿਖਲਾਈ ਦੀ ਪੇਸ਼ਕਸ਼ ਵੀ ਕਰਦੇ ਹਾਂ।**

[Punjabi]

CLAS Community Legal Assistance Society

Department of Justice Canada | Ministère de la Justice Canada | Canada